(ਸਟੇਸ਼ਨ ਊਧਮ ਸਿੰਘ ਵਾਲਾ)

ਗੱਡੀ ਛੁਕ ਛੁਕ ਕਰਦੀ ਆਈ

ਹੌਲੀ ਹੌਲੀ ਖੜ੍ਹਦੀ ਆਈ

ਸਟੇਸ਼ਨ ਊਧਮ ਸਿੰਘ ਦੇ ਵਾਲਾ

ਹਰ ਕੋਈ ਲਹਿਣ ਚੜ੍ਹਨ ਨੂੰ  ਕਾਹਲਾ

ਗੱਡੀ ਥੋੜਾ ਚਿਰ ਹੀ ਖੜ੍ਹਦੀ

ਮੁੜ ਕੇ ਫੇਰ ਸਪੀਡਾਂ ਫੜ੍ਹਦੀ

ਓਲੇ ਓਲੇ ਕਰਦੀ ਜਾਵੇ

ਊਧਮ ਸਿੰਘ ਨੂੰ ਫਤਹਿ ਬੁਲਾਵੇ

ਕਹਿੰਦੀ ਊਧਮ ਤੋਂ ਕੁਰਬਾਨ

ਜਾਵੇ ਸਾਰਾ ਹਿੰਦੁਸਤਾਨ

ਮੈਂ ਤਾਂ ਛੋਟੀ ਜਿਹੀ ਹਾਂ ਗੱਡੀ

ਇਤਨੀ ਚੀਜ਼ ਨਹੀਂ ਮੈਂ ਵੱਡੀ

ਵੱਡਾ ਊਧਮ ਸਿੰਘ ਦਾ ਨਾਂ

ਜਿਸ ਤੋਂ ਵਾਰੇ ਵਾਰੇ ਜਾਂ

ਵੇਖੋ ਮੀਡੀਆ ਕਿਦਾਂ ਆਇਆ

ਜਿਸ ਨੇ ਮੈਨੂੰ ਸੀ ਭੁਲਾਇਆ

ਵੇਖੋ ਨੇਤਾ ਕਿੰਨੇ ਆਏ

ਹਾਰ ਇੰਜਣ ਨੂੰ ਵੀ ਪਾਏ

ਮੈਨੂੰ ਲਾੜੀ ਵਾਂਗ ਸਜਾਇਆ

ਚਲ ਕੇ ਮੁੱਖ ਮੰਤਰੀ ਆਇਆ

ਮੇਰੀ ਬਦਲ ਗਈ ਹੁਣ ਚਾਲ

ਮੇਂ ਤਾਂ ਚਲਦੀ ਮੜਕਾਂ ਨਾਲ

ਜਿਸਨੇ ਮੇਰੀ ਲੜੀ ਲੜਾਈ

ਕਿਥੇ ਹੈ ਅਰੋੜਾ ਭਾਈ ?

ਉਹਨੂੰ ਛੇਤੀ ਲੈ ਕੇ ਆਵੋ

ਮੈਨੂੰ ਉਸਦੇ ਨਾਲ ਮਿਲਾਵੋ

ਉਸਨੇ ਦਿਤਾ ਮੇਰਾ ਸਾਥ

ਵੱਖਰਾ ਲਿਖ ਦਿਤਾ ਇਤਿਹਾਸ

ਮੈਨੂੰ ਉਸਤੋਂ ਬਹੁਤ ਹੀ ਆਸ

ਬੇਸ਼ੱਕ ਕਰਦਾ ਵਡੀਆਂ ਗੱਲਾਂ

ਲੇਕਿਨ ਮਾਰਦਾ ਵੀ ਹੈ ਮੱਲਾਂ

ਗੱਡੀ ਖੁਸ਼ੀਆਂ ਦੇ ਵਿਚ ਖੀਵੀ

ਚਾਹੇ ਮਰਦ ਚਾਹੇ ਬੀਵੀ

ਚਾਹੇ ਹਿੰਦੂ ਚਾਹੇ ਸਿੱਖ

ਚਾਹੇ ਮੁਸਲਿਮ ਹੋਵੇ ਦਿੱਖ

ਮੈਂ ਤਾਂ ਸਭ ਨੂੰ ਲੈ ਕੇ ਜਾਣਾ

ਊਧਮ ਦਾ ਇਤਿਹਾਸ ਸੁਣਾਣਾ

ਤਾਜੇ ਤਾਜੇ ਹਾਲੇ ਹਾਲੇ

ਅਰੋੜੇ ਨੇ ਕੀਤੇ ਉਪਰਾਲੇ

ਸਟੇਸ਼ਨ ਊਧਮ ਸਿੰਘ ਦਾ ਹੋਇਆ

ਅਰੋੜਾ ਵਿਚ ਖੁਸ਼ੀ ਦੇ ਰੋਇਆ

ਉਸਦਾ ਸੁਪਨਾ ਪੂਰਾ ਹੋਇਆ

ਹੋਰ ਵੀ ਕਰਨੇ ਨੇ ਉਪਰਾਲੇ

ਸੁਪਨੇ ਬਹੁਤ ਅਧੂਰੇ ਹਾਲੇ

ਦੇਸ਼ ਦੀ ਖਾਤਰ ਕੀ ਸੋਚਾਂ ਮੈਂ
ਆ ਤੇਨੂੰ ਸਮਝਾਵਾਂ
ਝੋਲੀ ਭਰ ਕੇ ਦੇਵਾਂ ਤੇਨੂੰ
ਆਪਣੀਆਂ ਕਵਿਤਾਵਾਂ